# 3rd Senior Officials Meeting of Arab-India Cooperation Forum

January 12, 2021

……………………………………………………………………………………………………

## ਅਰਬ-ਭਾਰਤ ਸਹਿਕਾਰਤਾ ਫੋਰਮ ਦੇ ਸੀਨੀਅਰ ਅਧਿਕਾਰੀਆਂ ਦੀ ਤੀਜੀ ਬੈਠਕ

12 ਜਨਵਰੀ, 2021

1. ਅਰਬ-ਭਾਰਤ ਸਹਿਕਾਰਤਾ ਫੋਰਮ ਦੇ ਸੀਨੀਅਰ ਅਧਿਕਾਰੀਆਂ ਦੀ ਤੀਜੀ ਬੈਠਕ 12 ਜਨਵਰੀ, 2021 ਨੂੰ ਵੀਡੀਓ ਕਾਨਫਰੰਸ ਰਾਹੀਂ ਹੋਈ। ਇਸ ਬੈਠਕ ਦੀ ਪ੍ਰਧਾਨਗੀ ਸਕੱਤਰ (CPV ਅਤੇ OIA) ਸ਼੍ਰੀ ਸੰਜੇ ਭੱਟਾਚਾਰੀਆ ਅਤੇ ਸਹਾਇਕ ਵਿਦੇਸ਼ ਮੰਤਰੀ ਅਤੇ ਲੀਗ ਆਫ਼ ਅਰਬ ਸਟੇਟਸ ਵਿੱਚ ਮਿਸਰ ਦੇ ਸਥਾਈ ਨੁਮਾਇੰਦੇ ਰਾਜਦੂਤ ਮੁਹੰਮਦ ਅਬੂ ਅਲ-ਖੀਰ ਨੇ ਕੀਤੀ। ਇਸ ਬੈਠਕ ਵਿੱਚ ਅਰਬ ਦੇਸ਼ਾਂ ਅਤੇ ਭਾਰਤ ਦੇ ਸੀਨੀਅਰ ਅਧਿਕਾਰੀਆਂ ਅਤੇ ਲੀਗ ਆਫ਼ ਅਰਬ ਸਟੇਟਸ ਦੇ ਜਨਰਲ ਸਕੱਤਰੇਤ ਦੇ ਸੀਨਿਰ ਅਧਿਕਾਰੀਆਂ ਨੇ ਸ਼ਮੂਲੀਅਤ ਕੀਤੀ।

2. ਸੀਨੀਅਰ ਅਧਿਕਾਰੀਆਂ ਨੇ ਅਰਬ ਦੁਨੀਆਂ ਅਤੇ ਭਾਰਤ ਵਿਚਾਲੇ ਮੌਜੂਦ ਇਤਿਹਾਸਕ ਅਤੇ ਸਭਿਅਕ ਸਬੰਧਾਂ ਨੂੰ ਚੇਤੇ ਕੀਤਾ ਅਤੇ ਦੋਵਾਂ ਧਿਰਾਂ ਨੂੰ ਬੰਨੇ ਰੱਖਣ ਵਿੱਚ ਵਪਾਰਕ ਅਤੇ ਸਭਿਆਚਾਰਕ ਸਬੰਧਾਂ ਦੀ ਭੂਮਿਕਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਅਰਬ-ਭਾਰਤ ਸਹਿਯੋਗ ਦੀ ਮਜ਼ਬੂਤ ਨੀਂਹ, ਵੱਡੀਆਂ ਸੰਭਾਵਨਾਵਾਂ ਅਤੇ ਵਿਆਪਕ ਭਵਿੱਖ ਦੀ ਸ਼ਲਾਘਾ ਕੀਤੀ ਅਤੇ ਇਸ ਫੋਰਮ ਵੱਲੋਂ ਅਰਬ-ਭਾਰਤ ਸਬੰਧਾਂ ਨੂੰ ਉੱਚੇ ਮੁਕਾਮ ਵੱਲ ਲੈਕੇ ਜਾਣ ਵਿੱਚ ਨਿਭਾਈ ਜਾ ਸਕਣ ਵਾਲੀ ਭੂਮਿਕਾ ਦੀ ਸ਼ਲਾਘਾ ਕੀਤੀ।

3. ਸੀਨੀਅਰ ਅਧਿਕਾਰੀਆਂ ਨੇ ਖੇਤਰੀ ਅਤੇ ਆਲਮੀ ਪੱਧਰ ਤੇ ਆਪਸੀ ਹਿਤ ਦੇ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਅਤੇ ਦੋਵਾਂ ਧਿਰਾਂ ਦਰਮਿਆਨ ਸਹਿਯੋਗ ਅਤੇ ਤਾਲਮੇਲ ਤੰਤਰ ਨੂੰ ਮਜ਼ਬੂਤ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ, ਤਾਂ ਜੋ ਆਪਸੀ ਹਿਤਾਂ ਦੀ ਪੂਰਤੀ ਕੀਤੀ ਜਾ ਸਕੇ ਅਤੇ ਖੇਤਰੀ ਅਤੇ ਆਲਮੀ ਸ਼ਾਂਤੀ ਅਤੇ ਸੁਰੱਖਿਆ ਕਾਇਮ ਰੱਖੀ ਜਾ ਸਕੇ। ਇਸ ਸਬੰਧ ਵਿਚ ਉਨ੍ਹਾਂ ਨੇ ਅੰਤਰਰਾਸ਼ਟਰੀ ਜਾਇਜ਼ਤਾ ਦੇ ਮਤਿਆਂ ਅਤੇ ਸਬੰਧਤ ਸਮਝੌਤਿਆਂ ਅਨੁਸਾਰ ਮੱਧ-ਪੂਰਬ ਵਿਚ ਖੇਤਰੀ ਮੁੱਦਿਆਂ ਅਤੇ ਸੰਕਟਾਂ ਦੇ ਰਾਜਨੀਤਿਕ ਹੱਲ ਕੱਢਣ ਦੀ ਲੋੜ ਦੁਹਰਾਈ, ਜਿਨ੍ਹਾਂ ਵਿੱਚ ਖ਼ਾਸਕਰ ਫਿਲਿਸਤੀਨੀ ਮੁੱਦਾ, ਸੀਰੀਆ, ਲੀਬੀਆ ਅਤੇ ਯਮਨ ਵਿੱਚ ਦੇ ਸੰਕਟ ਸ਼ਾਮਲ ਹਨ ਅਤੇ ਕੌਮਾਂਤਰੀ ਕਾਨੂੰਨ ਦੇ ਸਿਧਾਂਤ ਅਨੁਸਾਰ ਅੱਤਵਾਦ ਦਾ ਮੁਕਾਬਲਾ ਕਰਨ ਅਤੇ ਨੇਵੀਗੇਸ਼ਨ ਦੀ ਆਜ਼ਾਦੀ ਅਤੇ ਸਮੁੰਦਰੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਹਿਯੋਗ ਦੀ ਲੋੜ ਤੇ ਜ਼ੋਰ ਦਿੱਤਾ।

ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ COVID-19 ਮਹਾਂਮਾਰੀ ਕਾਰਨ ਦੁਨਿਆਂ ਨੂੰ ਪੇਸ਼ ਆ ਰਹੇ ਅਸਧਾਰਨ ਹਾਲਾਤ ਅਤੇ ਅਦੁੱਤੀਆਂ ਚੁਣੌਤੀਆਂ ਕਾਰਨ ਮਹਾਂਮਾਰੀ ਦੇ ਸਿੱਟਿਆਂ ਨਾਲ ਨਜਿੱਠਣ ਲਈ ਆਲਮੀ ਅਤੇ ਖੇਤਰੀ ਸਹਿਯੋਗ ਨੂੰ ਮਜ਼ਬੂਤ ਕਰਨ ਦੀ ਲੋੜ ਹੈ, ਜਿੰਨਾਂ ਵਿੱਚ ਟਕਰਾਅ ਅਤੇ ਸੰਕਟ ਦੇ ਖੇਤਰ ਵੀ ਸ਼ਾਮਲ ਹਨ। ਇਸ ਪਰਿਪੇਖ ਅੰਦਰ ਉਨ੍ਹਾਂ ਨੇ ਨਿਦਾਨ ਅਤੇ ਇਲਾਜ ਦੇ ਖੇਤਰਾਂ ਵਿੱਚ ਭਾਰਤ ਅਤੇ ਅਰਬ ਦੇਸ਼ਾਂ ਦਰਮਿਆਨ ਚੱਲ ਰਹੇ ਸਹਿਯੋਗ ਬਾਰੇ ਵਿਚਾਰ ਵਟਾਂਦਰੇ ਕੀਤੇ ਅਤੇ COVID ਤੋਂ ਬਾਅਦ ਦੀ ਆਰਥਿਕ ਬਹਾਲੀ ਲਈ ਸਬੰਧਤ ਰਾਸ਼ਟਰੀ ਨਜ਼ਰੀਏ ਬਾਰੇ ਵਿਚਾਰ ਵਟਾਂਦਰੇ ਕੀਤੇ।

5. ਅਰਬੀ ਧਿਰ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਅੰਦਰ ਦੋ ਸਾਲਾ ਕਾਰਜਕਾਲ (2021-222) ਲਈ ਗੈਰ-ਸਥਾਈ ਮੈਂਬਰ ਵਜੋਂ ਚੁਣੇ ਜਾਣ 'ਤੇ ਭਾਰਤੀ ਗਣਰਾਜ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਉਨ੍ਹਾਂ ਨੂੰ ਆਲਮੀ ਮੰਚ 'ਤੇ, ਖ਼ਾਸਕਰ ਆਪਸੀ ਹਿਤ ਦੇ ਖੇਤਰੀ ਮੁੱਦਿਆਂ ਬਾਰੇ, ਭਾਰਤ ਵੱਲੋਂ ਲਗਾਤਾਰ ਭੂਮਿਕਾ ਨਿਭਾਉਣ ਦੀ ਆਸ ਹੈ।

6. ਸੀਨੀਅਰ ਅਧਿਕਾਰੀਆਂ ਨੇ ਅਰਬ-ਭਾਰਤ ਸਹਿਕਾਰਤਾ ਫੋਰਮ ਦੇ ਢਾਂਚੇ ਅੰਦਰ ਸਹਿਯੋਗ ਵਧਾਉਣ ਦੇ ਤਰੀਕਿਆਂ ਬਾਰੇ ਵੀ ਵਿਚਾਰ-ਵਟਾਂਦਰੇ ਕੀਤੇ, ਜਿਨ੍ਹਾਂ ਵਿੱਚ ਇਹ ਮੁੱਦੇ ਸ਼ਾਮਲ ਹਨ:

o ਆਰਥਿਕਤਾ, ਵਪਾਰ ਅਤੇ ਨਿਵੇਸ਼,
o ਊਰਜਾ ਅਤੇ ਵਾਤਾਵਰਣ,
o ਖੇਤੀਬਾੜੀ ਅਤੇ ਭੋਜਨ ਸੁਰੱਖਿਆ,
o ਸੈਰ-ਸਪਾਟਾ ਅਤੇ ਸਭਿਆਚਾਰ,
o ਮਨੁੱਖੀ ਸੋਮੇ ਦਾ ਵਿਕਾਸ,
o ਸਿੱਖਿਆ ਅਤੇ ਸਿਹਤ ਸੰਭਾਲ,
o ਵਿਗਿਆਨ ਅਤੇ ਤਕਨਾਲੋਜੀ, ਅਤੇ
o ਮੀਡੀਆ.

7. ਉਨ੍ਹਾਂ ਨੇ ਫੋਰਮ ਦੀਆਂ ਸਾਂਝੀਆਂ ਗਤੀਵਿਧੀਆਂ ਛੇਤੀ ਹੀ ਨਿਰਧਾਰਤ ਕਰਨ ਉੱਤੇ ਸਹਿਮਤੀ ਦਿੱਤੀ, ਜਿੰਨਾਂ ਵਿੱਚ ਅਰਬ-ਭਾਰਤ ਸਭਿਆਚਾਰਕ ਉਤਸਵ ਦਾ ਤੀਜਾ ਸੈਸ਼ਨ, ਊਰਜਾ ਵਿੱਚ ਅਰਬ-ਭਾਰਤ ਸਹਿਕਾਰਤਾ 'ਤੇ ਸੈਮੀਨਾਰ, ਅਰਬ-ਭਾਰਤ ਪਹਿਲਾ ਯੂਨੀਵਰਸਿਟੀ ਪ੍ਰੈਸੀਡੈਂਟ ਸੰਮੇਲਨ, ਮੀਡੀਆ ਵਿੱਚ ਸਹਿਯੋਗ ਬਾਰੇ ਦੂਜਾ ਅਰਬ-ਭਾਰਤ ਸੰਮੇਲਨ ਅਤੇ ਅਰਬ-ਭਾਰਤ ਭਾਈਵਾਲੀ ਕਾਨਫਰੰਸ ਦਾ 6ਵਾਂ ਸੈਸ਼ਨ ਸ਼ਾਮਲ ਹਨ।

8. ਦੋਵਾਂ ਪੱਖਾਂ ਨੂੰ ਆਪਸੀ ਸਹੂਲਤ ਦੇ ਸਮੇਂ ਮੁਤਾਬਕ ਭਾਰਤ ਵਿੱਚ ਅਰਬ-ਭਾਰਤ ਸਹਿਕਾਰਤਾ ਫੋਰਮ ਦੀ ਦੂਜੀ ਮੰਤਰੀ ਮੰਡਲੀ ਬੈਠਕ ਕਰਾਉਣ ਦੀ ਆਸ ਹੈ।

ਨਵੀਂ ਦਿਲੀ
12 ਜਨਵਰੀ, 2021

DISCLAIMER: This is an approximate translation. The original is available in English on MEA's website and may be referred to as the official press release.